LYNDEN
SCHOOL DISTRICT
Tradition + Pride + Excellence

29 ਅਪ੍ਰੈਲ, 2022

ਪਿਆਰੇ ਲਿੰਡਨ ਪਰਿਵਾਰ,

**ਕੀ ਤੁਹਾਡਾ ਕੋਈ ਬੱਚਾ 31 ਅਗਸਤ 2022 ਤੱਕ ਚਾਰ ਸਾਲ ਦਾ ਹੋ ਜਾਵੇਗਾ? ਕੀ ਤੁਹਾਡਾ ਪਰਿਵਾਰ ਇਸ ਫਾਲ ਦੀ ਸ਼ੁਰੂਆਤ ਵਿੱਚ ਆਪਣੇ ਬੱਚੇ ਲਈ ਇਕ ਫੁੱਲ-ਡੇਅ ਸਿੱਖਣ ਦੇ ਮੌਕੇ ਵਿੱਚ ਇੱਛੁਕ ਹੋਵੇਗਾ?**

ਲਿੰਡਨ ਸਕੂਲ ਡਿਸਟ੍ਰਿਕਟ ਨੇ 2022/2023 ਦੇ ਸਕੂਲੀ ਸਾਲ ***ਲਈ ਚਾਰ ਸਾਲ ਦੇ ਲੋੜਵੰਦ ਅਤੇ/ਜਾਂ ਯੋਗ ਬੱਚਿਆਂ*** ਲਈ ਇੱਕ ਨਵਾਂ ਪ੍ਰੋਗਰਾਮ ਸ਼ੁਰੂ ਕੀਤਾ ਹੈ ਜੋ ਉਨ੍ਹਾਂ ਨੂੰ ***ਮੁਫ਼ਤ, ਫੁੱਲ- ਡੇ ਅਸਕੂਲ ਦਾ ਮੌਕਾ ਪ੍ਰਦਾਨ ਕਰੇਗਾ।*** ਸਾਡੇ ਨਵੇਂ ***ਲਾਂਚ*** ਪ੍ਰੋਗਰਾਮ ਦੇ ਤਹਿਤ, ਤੁਹਾਡਾ ਚਾਰ ਸਾਲ ਦਾ ਬੱਚਾ ਪੂਰੀ ਤਰ੍ਹਾਂ ਸਕੂਲ ਵਿੱਚ ਰਚ-ਮਿਚ ਜਾਵੇਗਾ ਅਤੇ ਉਹ ਸਿੱਖੇਗਾ, ਰਿਸੈੱਸ ਦੌਰਾਨ ਖੇਡੇਗਾ, ਕੈਫੇਟੇਰੀਆ ਵਿੱਚ ਦੁਪਹਿਰ ਦਾ ਖਾਣਾ ਖਾਵੇਗਾ, ਅਤੇ ਜੇਕਰ ਤੁਹਾਡਾ ਘਰ ਸਾਡੇ ਕਿਸੇ ਬੱਸ ਰੂਟ ਉੱਤੇ ਹੈ ਤਾਂ ਉਹ ਦੂਜੇ ਬੱਚਿਆਂ ਨਾਲ ਸਕੂਲ ਬੱਸ ਵਿੱਚ ਆਉਣ-ਜਾਣ ਵੀ ਕਰੇਗਾ!

ਸਾਡੇ ਨਵੇਂ *ਲਾਂਚ* ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਬੱਚੇ ਕਿੰਡਰਗਾਰਟਨ ਵਿੱਚ 2023/2024 ਦੇ ਸਕੂਲੀ ਸਾਲ ਵਿੱਚ ਦਾਖਲ ਹੋਣਗੇ, ਇਸਲਈ ਲਾਂਚ ਪ੍ਰੋਗਰਾਮ ਅਤੇ ***ਕਿੰਡਰਗਾਰਟਨ ਦੋਵੇਂ ਅਲੱਗ-ਅਲੱਗ*** ਹਨ। *ਲਾਂਚ* ਦਾ ਉਦੇਸ਼ ਲਿੰਡਨ ਦੇ ਵੱਧ ਤੋਂ ਵੱਧ ਬੱਚਿਆਂ ਨੂੰ ਉੱਚ-ਗੁਣਵੱਤਾ ਵਾਲੀ ਸ਼ੁਰੂਆਤੀ ਸਿੱਖਿਆ ਪ੍ਰਦਾਨ ਕਰਨਾ ਹੈ।

2022/2023 ਦੇ ਸਕੂਲੀ ਸਾਲ ਦੌਰਾਨ, ਸਾਡੇ ਤਿੰਨੋਂ ਐਲੀਮੈਂਟਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਾਡੇ *ਲਾਂਚ* ਪ੍ਰੋਗਰਾਮ ਵਿੱਚ ਜਾਣ ਦਾ ਮੌਕਾ ਮਿਲੇਗਾ। ਇੱਕ ਕਲਾਸ ਸੈਕਸ਼ਨ ਆਈਸੋਮ (Isom) ਐਲੀਮੈਂਟਰੀ ਅਤੇ ਬਰਨੀਸ ਵੌਸਬੇਕ (Bernice Vossbeck) ਐਲੀਮੈਂਟਰੀ ਵਿੱਚ ਆਯੋਜਿਤ ਕੀਤਾ ਜਾਵੇਗਾ। ਇਸ ਪ੍ਰੋਗਰਾਮ ਦੀ ਅਨੁਮਾਨਿਤ ਸ਼ੁਰੂਆਤੀ ਮਿਤੀ 15 ਸਤੰਬਰ, 2022 ਹੈ। *ਲਾਂਚ* ਨਿਯਮਤ ਜ਼ਿਲ੍ਹਾ ਕੈਲੰਡਰ ਦੀ ਪਾਲਣਾ ਕਰੇਗਾ ਅਤੇ ਸਕੂਲ ਦੇ ਆਖਰੀ ਦਿਨ ਨੂੰ ਸਮਾਪਤ ਹੋਵੇਗਾ, ਜੋ ਕਿ ਫ਼ਿਲਹਾਲ 15 ਜੂਨ, 2023 ਹੈ।

ਅਸੀਂ ਲਿੰਡਨ ਦੇ ਪਰਿਵਾਰਾਂ ਨੂੰ ਇਹ ਮੌਕਾ ਦੇਣ ਲਈ ਬਹੁਤ ਉਤਸ਼ਾਹਿਤ ਹਾਂ! ਸੀਟਾਂ ਸੀਮਤ ਹਨ, ਇਸ ਲਈ ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਬੱਚਾ ਯੋਗ ਹੋ ਸਕਦਾ ਹੈ, ਅਤੇ ਤੁਸੀਂ ਉਸ ਨੂੰ *ਲਾਂਚ* ਵਿੱਚ ਦਾਖਲ ਕਰਵਾਉਣ ਵਿੱਚ ਦਿਲਚਸਪੀ ਰੱਖਦੇ ਹੋ, **ਤਾਂ ਕਿਰਪਾ ਕਰਕੇ *ਨੱਥੀ ਕੀਤੀ ਅਰਜ਼ੀ ਨੂੰ ਪੂਰਾ ਕਰੋ ਅਤੇ ਇਸਨੂੰ 27 ਮਈ, 2022 ਤੱਕ Lynden School District Main Street Campus ਜੋ ਪਹਿਲਾਂ Lynden Middle School, 516 Main Street 'ਤੇ ਸੀ 'ਤੇ ਡਾਕ ਕਰੋ ਜਾਂ ਹੱਥੀਂ ਪਹੁੰਚਦੀ ਕਰੋ।***

ਜੇਕਰ *ਲਾਂਚ* ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਮੈਨੂੰ 360.354.4443 'ਤੇ ਕਾਲ ਜਾਂ vanwijkj@lynden.wednet.edu 'ਤੇ ਈਮੇਲ ਕਰੋ।

ਧੰਨਵਾਦ ਸਹਿਤ,

Julie van Wijk

ਜੂਲੀ ਵੈਨ ਵਿਜਕ, ਐਡ. ਡੀ. ਡਾਇਰੈਕਟਰ
ਟੀਚਿੰਗ + ਲਰਨਿੰਗ
ਲਿੰਡਨ ਸਕੂਲ ਡਿਸਟ੍ਰਿਕਟ

**ਲਾਂਚ ਅਰਜ਼ੀ**

| ਬੱਚੇ ਦਾ ਨਾਮ (ਪਹਿਲਾ, ਆਖ਼ਰੀ): | ਜਨਮ ਮਿਤੀ: |
|---|---|
| | |

***ਸੰਪਰਕ ਜਾਣਕਾਰੀ:***

| ਮਾਤਾ-ਪਿਤਾ ਦਾ ਨਾਮ: | ਪਤਾ: | ਘਰ/ਮੋਬਾਇਲ/ਦਫ਼ਤਰ ਦਾ ਫ਼ੋਨ ਨੰਬਰ: | ਈ-ਮੇਲ ਪਤਾ: |
|---|---|---|---|
| | | | |
| | | | |

***ਕਿਰਪਾ ਕਰਕੇ ਆਪਣੇ ਬੱਚੇ ਦੇ ਮੌਜੂਦਾ/ਪਹਿਲਾਂ ਸ਼ੁਰੂਆਤੀ ਸਿੱਖਣ ਦੇ ਅਨੁਭਵ ਦਾ ਵਰਣਨ ਕਰੋ:***

| | ਹਾਂ | ਨਾਂਹ | ਸੈਂਟਰ ਜਾਂ ਲੋਕੇਸ਼ਨ ਦਾ ਨਾਮ | ਪਿਛਲੀ ਵਾਰ ਹਾਜ਼ਰ ਹੋਣ ਦੀ ਮਿਤੀ? |
|---|---|---|---|---|
| ਪ੍ਰਾਈਵੇਟ ਡੇਅ ਕੇਅਰ | | | | |
| ਇਨ-ਹੋਮ ਡੇਅ ਕੇਅਰ | | | | |
| ਪ੍ਰੀਸਕੂਲ | | | | |
| ਹੋਰ? | | | | |

***ਨੇਬਰਹੁੱਡ ਸਕੂਲ*** *(ਜੇਕਰ ਜਾਣੂ ਹੋ):*________________________________________

ਸਾਡਾ ਮੰਨਣਾ ਹੈ ਕਿ ਅਸੀਂ ਲਿੰਡਨ ਸਕੂਲ ਡਿਸਟ੍ਰਿਕਟ ਦੇ ਮੁਫਤ ਅਤੇ ਰਿਡੂਸਡ ਲੰਚ ਪ੍ਰੋਗਰਾਮ ਲਈ ਯੋਗ ਹਾਂ

ਹਾਂ ☐ ਨਾਂਹ ☐ ਪੱਕਾ ਨਹੀਂ ☐

ਕਿਰਪਾ ਕਰਕੇ 27 ਮਈ, 2022 ਤੱਕ ਵਾਪਸ ਭੇਜੋ

Lynden School District Main Street Campus

516 Main Street

Lynden, WA 98264